# ਵਿਦਿਆਰਥੀ ਦੇ ਅਧਿਕਾਰ
# ਧਰਮ ਅਤੇ ਧਾਰਮਿਕ ਰੀਤਾਂ

**ਸੀਵਿਲ ਅਧਿਕਾਰ ਕਾਨੂੰਨ** K-12 ਪਬਲਿਕ ਸਕੂਲਾਂ ਵਿੱਚ ਧਰਮ ਦੇ ਆਧਾਰ 'ਤੇ ਭੇਦਭਾਵ ਅਤੇ ਭੇਦਭਾਵ ਵਾਲੀ ਪਰੇਸ਼ਾਨੀ ਨੂੰ ਵਰਜਿਤ ਕਰਦਾ ਹੈ|

> **ਭੇਦਭਾਵ** ਇੱਕ ਵਿਅਕਤੀ ਜਾਂ ਸਮੂਹ ਦੀ ਨਾਜਾਇਜ਼ ਜਾਂ ਨਾ-ਬਰਾਬਰੀ ਸਲੂਕ ਜਾਂ ਪਰੇਸ਼ਾਨੀ ਹੁੰਦੀ ਹੈ ਕਿਉਂਕਿ ਇਹ ਇੱਕ ਨਿਰਧਾਰਿਤ ਸਮੂਹ ਦਾ ਭਾਗ ਹੁੰਦੇ ਹਨ, ਜਿਨ੍ਹਾਂ ਨੂੰ ਰੱਖਿਆ ਜਮਾਤ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ| **ਧਰਮ ਅਤੇ ਮਜ਼ਹਬ** ਵਾਸ਼ਿੰਗਟਨ ਕਾਨੂੰਨ ਦੇ ਤਹਿਤ ਰੱਖਿਆ ਜਮਾਤ ਹੁੰਦੀਆਂ ਹਨ|[1]
>
> **ਭੇਦਭਾਵ ਪਰੇਸ਼ਾਨੀ ਰੱਖਿਅਕ ਜਮਾਤ** ਦੇ ਅਧਾਰ 'ਤੇ ਪਰੇਸ਼ਾਨੀ ਹੁੰਦੀ ਹੈ| ਇਹ ਬਹੁਤ ਸਾਰੇ ਰੂਪ ਲੈ ਸਕਦਾ ਹੈ, ਜਿਵੇਂ ਕਿ ਧਮਕੀਆਂ, ਨਾਮ ਨਾਲ ਬੁਲਾਉਣਾ, ਅਪਮਾਨਜਨਕ ਮਜ਼ਾਕ, ਭੌਤਿਕ ਹਮਲਾ, ਜਾਂ ਹੋਰ ਅਮਲ ਜੋ ਭੌਤਿਕ ਧਮਕੀਆਂ, ਨੁਕਸਾਨ, ਜਾਂ ਜਲੀਲ ਕਰਨਾ ਹੋਵੇ|

## ਧਰਮ ਦੇ ਅਧਾਰ 'ਤੇ ਭੇਦਭਾਵ ਤੋਂ ਰੱਖਿਆ

ਪਬਲਿਕ ਸਕੂਲਾਂ ਨੂੰ ਵਿਦਿਆਰਥੀਆਂ ਦੀ ਧਰਮ ਦੇ ਅਧਾਰ 'ਤੇ ਭੇਦਭਾਵ ਤੋਂ ਰੱਖਿਆ ਕਰਨੀ ਚਾਹੀਦੀ ਹੈ – ਜਿਸ ਵਿੱਚ ਸ਼ਾਮਿਲ ਹਨ ਇੱਕ ਵਿਦਿਆਰਥੀ ਦਾ ਧਾਰਮਿਕ ਪਿਛੋਕੜ, ਵਿਸ਼ਵਾਸ, ਪੁਸ਼ਾਕ ਅਤੇ ਲਹਿਜ਼ਾ|

### ਧਾਰਮਿਕ ਅਨੁਕੂਲਤਾ

ਪਬਲਿਕ ਸਕੂਲਾਂ ਨੂੰ ਇੱਕ ਵਿਦਿਆਰਥੀ ਦੇ ਧਾਰਮਿਕ ਵਿਸ਼ਵਾਸ ਜਾਂ ਰੀਤਾਂ, ਜਦ ਤੱਕ ਅਨੁਕੂਲਤਾ ਨਾ ਬਾਕੀ ਰਹਿੰਦੀ ਤਕਲੀਫ਼ ਪੈਦਾ ਨਹੀਂ ਕਰੇਗੀ ਨੂੰ ਅਨੁਕੂਲ ਕਰਨ ਲਈ ਉਚਿਤ ਕਦਮ ਚੁੱਕਣੇ ਚਾਹੀਦੇ ਹਨ| ਨਾ ਬਾਕੀ ਰਹਿੰਦੀ ਤਕਲੀਫ਼ ਦਾ ਅਰਥ ਹੈ ਕਿ ਅਨੁਕੂਲਤਾ ਮਹਿੰਗੀ ਹੈ, ਸਮਝੌਤਾ ਕਰਨਾ ਸੁਰੱਖਿਆ ਨਾਲ ਜਾਂ ਹੋਰ ਵਿਦਿਆਰਥੀ ਜਾਂ ਕਰਮਚਾਰੀਆਂ ਦੀ ਅਧਿਕਾਰਾਂ ਦੇ ਅਧਾਰ 'ਤੇ ਉਲੰਘਣਾ ਕਰਨੀ|

ਧਾਰਮਿਕ ਅਨੁਕੂਲਤਾ ਸ਼ਾਮਿਲ ਕਰ ਸਕਦੀ ਹੈ:

- ਧਾਰਮਿਕ ਨਿਗਰਾਨੀਆਂ ਜਾਂ ਕਿਰਿਆਵਾਂ ਲਈ ਗੈਰ-ਹਾਜ਼ਰੀ ਦੇ ਬਹਾਨੇ ਬਣਾਉਣਾ
- ਸਮਾਨ ਸਿੱਖਿਆ ਟੀਚਿਆਂ ਨਾਲ ਵਿਕਪਲੀ ਅਸਾਈਨਮੈਂਟ ਪ੍ਰਦਾਨ ਕਰਨਾ
- ਪੁਸ਼ਾਕ ਕੋਡ ਜਾਂ ਸਕੂਲ ਵਰਦੀ ਲੋੜਾਂ ਦੀ ਛੋਟ ਦੇਣਾ ਜੋ ਇੱਕ ਵਿਦਿਆਰਥੀ ਦੇ ਧਾਰਮਿਕ ਵਿਸ਼ਵਾਸ ਜਾਂ ਰੀਤਾਂ ਦਾ ਵਿਰੋਧ ਕਰਦੀ ਹੋਵੇ| ਉਦਾਹਰਣ ਦੇ ਲਈ, ਸਕੂਲ ਵਿਦਿਆਰਥੀ ਨੂੰ ਸਿਰ ਢਕਣ ਲਈ ਕੱਪੜਾ ਪਹਿਨਣ, ਗਹਿਣੇ, ਧਾਰਮਿਕ ਚੀਜ਼ ਪਹਿਨਣ ਦੀ, ਕੁੱਝ ਨਿਰਧਾਰਿਤ ਲੰਬਾਈ ਦੀ ਦਾਹੜੀ, ਜਾਂ ਕੇਸ਼ ਰੱਖਣ ਦੀ ਆਗਿਆ ਲਈ ਨਿਯਮ ਤੋਂ ਛੋਟ ਦੇ ਸਕਦਾ ਹੈ|

## ਭੇਦਭਾਵ ਪਰੇਸ਼ਾਨੀ

ਭੇਦਭਾਵ ਦੇ ਰੂਪ ਵਿੱਚ ਧਰਮ ਦੇ ਅਧਾਰ 'ਤੇ ਪਰੇਸ਼ਾਨੀ ਵਾਸ਼ਿੰਗਟਨ ਪਬਲਿਕ ਸਕੂਲਾਂ ਵਿੱਚ ਵਰਜਿਤ ਹੈ| ਸਕੂਲਾਂ ਨੂੰ ਭੇਦਭਾਵ ਪਰੇਸ਼ਾਨੀ ਤੋਂ ਵਿਦਿਆਰਥੀਆਂ ਨੂੰ ਬਚਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ|

---

[1] ਅਧਿਆਏ 28A.642 RCW, http://app.leg.wa.gov/rcw/default.aspx?cite=28A.642| ਅਧਿਆਏ 28A.640 RCW, http://apps.leg.wa.gov/rcw/default.aspx?cite=28A.640| ਅਧਿਆਏ 49.60 RCW, http://app.leg.wa.gov/rcw/default.aspx?cite=49.60|

# ਧਰਮ ਅਤੇ ਧਾਰਮਿਕ ਰੀਤਾਂ

ਸਕੂਲ ਦੇ ਸਟਾਫ਼ ਨੂੰ ਸੰਭਾਵੀ ਭੇਦਭਾਵ ਪਰੇਸ਼ਾਨੀ ਦੀ ਜਾਂਚ ਕਰਨੀ ਚਾਹੀਦੀ ਹੈ – ਜਿੰਨਾ ਜਲਦੀ ਉਨ੍ਹਾਂ ਨੂੰ ਪਤਾ ਲੱਗਦਾ ਹੈ ਜਾਂ ਮੁਨਾਸਬ ਜਾਣਣਾ ਚਾਹੀਦਾ ਹੈ – ਚਾਹੇ ਮਾਪੇ ਜਾਂ ਵਿਦਿਆਰਥੀ ਇੱਕ ਰਸਮੀ ਸ਼ਿਕਾਇਤ ਦਰਜ਼ ਨਹੀਂ ਵੀ ਕਰਵਾਉਂਦੇ|

ਜੇਕਰ ਇੱਕ ਜਾਂਚ ਪ੍ਰਗਟਾਵਾ ਕਰਦੀ ਹੈ ਕਿ ਪਰੇਸ਼ਾਨੀ ਇੱਕ ਵਿਰੋਧਮਈ ਵਾਤਾਵਰਣ ਪੈਦਾ ਕਰਦੀ ਹੈ, ਤਾਂ ਸਟਾਫ਼ ਨੂੰ ਵਿਵਹਾਰ ਨੂੰ ਰੋਕਣ ਲਈ ਜਲਦੀ ਕਾਰਜ ਕਰਨਾ ਚਾਹੀਦਾ ਹੈ ਅਤੇ ਵਿਰੋਧਮਈ ਵਾਤਾਵਰਣ ਦਾ ਅੰਤ ਕਰਨਾ ਚਾਹੀਦਾ ਹੈ|

ਸਕੂਲ ਨੂੰ ਕਰਨਾ ਚਾਹੀਦਾ ਹੈ:

1. ਸਕੂਲ ਵਿੱਚ ਵਿਦਿਆਰਥੀ 'ਤੇ ਹੋਏ ਕਿਸੇ ਵੀ ਭੇਦਭਾਵ ਪਰੇਸ਼ਾਨੀ ਦੇ ਅਸਰ ਦਾ ਪਤਾ ਲਗਾਉਣਾ, **ਅਤੇ**
2. ਸੁਨਿਸ਼ਚਿਤ ਕਰੋ ਕਿ ਪਰੇਸ਼ਾਨੀ ਦੁਬਾਰਾ ਨਹੀਂ ਹੋਵੇਗੀ|

ਭੇਦਭਾਵ ਪਰੇਸ਼ਾਨੀ ਬਾਰੇ ਹੋਰ ਜਾਣਕਾਰੀ ਲਈ, ਜਿਲ੍ਹਾ ਪਾਲਿਸੀ ਅਤੇ ਅਭਿਆਸ ਲਈ ਸੇਧਾਂ, ਅਤੇ ਸੰਬੰਧਿਤ ਸਰੋਤ www.k12.wa.us/Equity|

## ਸਰੋਕਾਰਾਂ ਜਾਂ ਅਸਹਿਮਤੀਆਂ ਨੂੰ ਹੱਲ ਕਰਨਾ

ਭੇਦਭਾਵ ਬਾਰੇ ਤੁਹਾਡੇ ਸਰੋਕਾਰਾਂ ਜਾਂ ਅਸਹਿਮਤੀਆਂ ਸਬੰਧੀ ਤੁਹਾਡੇ ਸਕੂਲ ਦੇ ਪ੍ਰਿੰਸੀਪਲ, ਜਾਂ ਸਕੂਲ ਜਿਲ੍ਹਾ ਵਿਖੇ ਸੀਵਿਲ ਅਧਿਕਾਰ ਸ਼ਿਕਾਇਤ ਕੋਆਰਡੀਨੇਟਰ ਨਾਲ ਚਰਚਾ ਕਰਨਾ ਅਤੇ ਹੱਲ ਕਰਨ ਲਈ ਕੰਮ ਕਰਨਾ ਅਕਸਰ ਪਹਿਲਾ ਵਧੀਆ ਕਦਮ ਹੁੰਦਾ ਹੈ|

- ਭੇਦਭਾਵ ਅਤੇ ਪਰੇਸ਼ਾਨ ਕਰਨ ਸੰਬੰਧੀ **ਤੱਥਾਂ 'ਤੇ ਧਿਆਨ ਦੇਣਾ**, ਜਿਵੇਂ ਤੁਸੀਂ ਸਮਝਦੇ ਹੋ, ਅਤੇ
- ਆਓ ਪ੍ਰਿੰਸੀਪਲ ਅਤੇ ਕੋਆਰਡੀਨੇਟਰ ਨੂੰ ਦੱਸੀਏ ਕਿ ਤੁਸੀਂ **ਸਮੱਸਿਆ ਦਾ ਹੱਲ ਕਰਨ ਲਈ ਉਨ੍ਹਾਂ ਤੋਂ ਕੀ ਚਾਹੁੰਦੇ ਹੋ**

ਲੱਭੋ ਆਪਣੇ ਜਿਲ੍ਹਾ ਸੀਵਿਲ ਅਧਿਕਾਰ ਕੋਆਰਡੀਨੇਟਰ ਦਾ ਸੰਪਰਕ ਇੱਥੇ, www.k12.wa.us/Equity/ContactList.aspx| ਤੁਹਾਡੇ ਕੋਲ ਰਸਮੀ ਸ਼ਿਕਾਇਤ ਦਰਜ਼ ਕਰਨ ਦਾ ਵਿਕਲਪ ਵੀ ਹੈ|

## ਸਕੂਲ ਵਿੱਚ ਧਾਰਮਿਕ ਲਹਿਜ਼ਾ

ਅਮਰੀਕੀ ਸਵਿਧਾਨ ਦੀ ਪਹਿਲੀ ਸੋਧ ਵਿਦਿਆਰਥੀਆਂ ਦੇ ਧਰਮ ਦੀ ਆਜ਼ਾਦੀ ਅਤੇ ਲਹਿਜ਼ੇ ਦੀ ਆਜ਼ਾਦੀ ਲਈ ਅਧਿਕਾਰਾਂ ਦੀ ਰੱਖਿਆ ਕਰਦੀ ਹੈ|

ਵਿਦਿਆਰਥੀ ਜੋ ਸਕੂਲ ਵਿੱਚ ਆਪਣੇ ਧਾਰਮਿਕ ਵਿਸ਼ਵਾਸਾਂ ਨੂੰ ਪ੍ਰਗਟਾਉਣ ਦੀ ਚੋਣ ਕਰਦੇ ਹਨ, ਉਨ੍ਹਾਂ ਨੂੰ ਆਗਿਆ ਹੈ:

- ਸਕੂਲ ਵਿੱਚ, ਘਰ ਦੇ ਕੰਮ ਅਤੇ ਸਕੂਲ ਅਸਾਈਨਮੈਂਟ ਵਿੱਚ ਇਨ੍ਹਾਂ ਵਿਸ਼ਵਾਸਾਂ ਨੂੰ ਪ੍ਰਗਟ ਕਰਨਾ
- ਅੱਧੀ ਛੁੱਟੀ, ਲੰਚ, ਅਤੇ ਹੋਰ ਗੈਰ-ਹਿਦਾਇਤੀ ਸਮੇਂ, ਜਿਵੇਂ ਕਿ ਸਕੂਲ ਤੋਂ ਪਹਿਲਾਂ ਜਾਂ ਬਾਅਦ ਧਾਰਮਿਕ ਪ੍ਰਾਰਥਨਾ ਕਰਨੀ ਜਾਂ ਧਾਰਮਿਕ ਸਮੱਗਰੀ ਪੜ੍ਹਨਾ
- ਸਮਾਨ ਤਰੀਕੇ ਜਿਵੇਂ ਵਿਦਿਆਰਥੀ ਹੋਰ ਵਿਦਿਆਰਥੀਆਂ ਨਾਲ ਹੋਰ ਵਾਰਤਾਲਾਪ ਕਰਦੇ ਹਨ, ਸਕੂਲ ਦਿਨ ਦੇ ਦੌਰਾਨ ਹੋਰ ਵਿਦਿਆਰਥੀਆਂ ਨਾਲ ਧਾਰਮਿਕ ਪ੍ਰਾਰਥਨਾ ਕਰਨੀ ਜਾਂ ਚਰਚਾ ਕਰਨੀ, ਜਦ ਤੱਕ ਇਹ ਫੁੱਟ ਪਾਉਣ ਵਾਲੀ ਨਾ ਹੋਵੇ ਅਤੇ ਹੋਰ ਵਿਦਿਆਰਥੀਆਂ ਦੇ ਅਧਿਕਾਰਾਂ ਦੀ ਉਲੰਘਣਾ ਨਾ ਕਰਦੀ ਹੋਵੇ

## ਧਰਮ ਬਾਰੇ ਸਿੱਖਿਆ

# ਧਰਮ ਅਤੇ ਧਾਰਮਿਕ ਰੀਤਾਂ

ਅਮਰੀਕੀ ਸਵਿਧਾਨ ਇੱਕ ਦੇ ਧਰਮ ਨੂੰ ਹੋਰਾਂ 'ਤੇ ਸਮਰਥਿਤ ਕਰਨ ਜਾਂ ਤਰਜੀਹ ਦੇਣ ਦੀ ਅਤੇ ਗੈਰ-ਧਰਮੀ 'ਤੇ ਧਰਮ ਨੂੰ ਸਮਰਥਿਤ ਕਰਨ ਤੋਂ ਪਬਲਿਕ ਸਕੂਲਾਂ ਨੂੰ ਵਰਜਿਤ ਕਰਦਾ ਹੈ|

**ਨਿਰਪੱਖ| ਯਥਾਰਥਕ| ਸੰਤੁਲਿਤ|**

ਪਬਲਿਕ ਸਕੂਲਾਂ ਨੂੰ ਵਿਦਿਆਰਥੀਆਂ ਨੂੰ ਸੰਸਾਰ ਦੇ ਧਰਮਾਂ ਬਾਰੇ ਸਿੱਖਿਆ ਦੇਣ ਦੀ ਆਗਿਆ ਹੈ ਜਦ ਤੱਕ ਇਹ ਹਿਦਾਇਤ ਸਿਖਿਅਕ ਭਾਵ ਦਿੰਦੀ ਹੈ, ਜਿਵੇਂ ਕਿ ਇਤਿਹਾਸ ਅਤੇ ਸਮਾਜ ਵਿੱਚ ਧਰਮ ਦੀ ਭੂਮਿਕਾ| ਅਧਿਆਪਕ ਨੂੰ ਸਮੱਗਰੀ ਨਿਰਪੱਖ, ਯਥਾਰਥਕ, ਅਤੇ ਸੰਤੁਲਿਤ ਤਰੀਕੇ ਵਿੱਚ ਪੇਸ਼ ਕਰਨੀ ਚਾਹੀਦੀ ਹੈ|

ਆਮ ਤੌਰ 'ਤੇ, ਪਬਲਿਕ ਸਕੂਲਾਂ ਨੂੰ ਧਾਰਮਿਕ ਥੀਮਾਂ ਵਾਲੇ ਸੰਗੀਤ, ਕਲਾ, ਡ੍ਰਾਮਾ, ਜਾਂ ਸਾਹਿਤ ਦੀ ਵਰਤੋਂ ਕਰਨ ਦੀ ਆਗਿਆ ਹੁੰਦੀ ਹੈ| ਉਦਾਹਰਣ ਦੇ ਲਈ, ਵਿਦਿਆਰਥੀ ਸੰਗੀਤ ਅਤੇ ਸੰਗੀਤ ਇਤਿਹਾਸ ਦੀ ਅਕਾਦਮਿਕ ਪੜ੍ਹਾਈ ਦੇ ਭਾਗ ਦੇ ਰੂਪ ਵਿੱਚ ਧਾਰਮਿਕ ਸੰਗੀਤ ਚਲਾ ਸਕਦੇ ਹਨ| ਹਾਲਾਂਕਿ, ਸਕੂਲਾਂ ਨੂੰ ਧਰਮ ਦੇ ਵਾਧੇ ਲਈ ਅਜਿਹੇ ਸੰਗੀਤ ਦੀ ਵਰਤੋਂ ਨਹੀਂ ਕਰਨੀ ਚਾਹੀਦੀ|

ਪਬਲਿਕ ਸਕੂਲਾਂ ਨੂੰ ਧਾਰਮਿਕ ਵਿਸ਼ਵਾਸ ਥੋਪਣੇ ਜਾਂ ਵਧਾਉਣੇ ਨਹੀਂ ਚਾਹੀਦੇ| ਕੋਚਾਂ ਸਹਿਤ ਪਬਲਿਕ ਸਕੂਲ ਕਰਮਚਾਰੀਆਂ ਨੂੰ ਪ੍ਰਾਰਥਨਾ ਦੀ ਅਗਵਾਈ ਕਰਨ ਜਾਂ ਪ੍ਰਾਰਥਨਾ ਲਈ ਵਿਦਿਆਰਥੀਆਂ ਨੂੰ ਉਤਸਾਹਿਤ ਕਰਨ ਦੀ ਆਗਿਆ ਨਹੀਂ ਹੈ| ਸਕੂਲ ਕਰਮਚਾਰੀ ਧਾਰਮਿਕ ਕਿਰਿਆਵਾਂ ਵਿੱਚ ਭਾਗ ਲੈਣ, ਜਾਂ ਉਨ੍ਹਾਂ ਤੋਂ ਟਲਣ ਲਈ ਵਿਦਿਆਰਥੀਆਂ ਨੂੰ ਉਤਸਾਹਿਤ ਕਰਨਾ ਜਾਂ ਸੱਦਣਾ ਨਹੀਂ ਚਾਹੀਦਾ|

## ਰਸਮੀ ਸ਼ਿਕਾਇਤ - ਭੇਦਭਾਵ ਅਤੇ ਭੇਦਭਾਵ ਵਾਲੀ ਪਰੇਸ਼ਾਨੀ

ਜੇਕਰ ਤੁਸੀਂ ਵਿਸ਼ਵਾਸ਼ ਕਰਦੇ ਹੋ ਕਿ ਤੁਹਾਡਾ ਬੱਚਾ ਭੇਦਭਾਵ ਅਤੇ ਭੇਦਭਾਵ ਵਾਲੀ ਪਰੇਸ਼ਾਨੀ ਤੋਂ ਗੁਜ਼ਰ ਰਿਹਾ ਹੈ, ਤਾਂ ਤੁਸੀਂ ਇੱਕ ਸ਼ਿਕਾਇਤ ਦਰਜ਼ ਕਰ ਸਕਦੇ ਹੋ|

- ਇਕੁਇਟੀ ਅਤੇ ਸੀਵਿਲ ਅਧਿਕਾਰ ਵੈੱਬਸਾਈਟ 'ਤੇ, www.k12.wa.us/Equity/Families, ਕਿਵੇਂ ਇੱਕ ਸ਼ਿਕਾਇਤ ਦਰਜ਼ ਕਰਨੀ ਹੈ ਬਾਰੇ ਹੋਰ ਜਾਣਕਾਰੀ ਪਾਓ ਅਤੇ ਚਰਨਾਂ ਦੀ ਪਾਲਣਾ ਕਰੋ|
- ਯੂ.ਐਸ. ਸਿੱਖਿਆ ਵਿਭਾਗ, ਆਫਿਸ ਫਾਰ ਸਿਵਿਲ ਰਾਈਟਸ ਨਾਲ 206-607-1600 ਉੱਤੇ ਸੰਪਰਕ ਕਰੋ (TDD: 1-800-877-8339) ਵਿਖੇ ਸੀਵਿਲ ਅਧਿਕਾਰਾਂ ਲਈ ਦਫ਼ਤਰ ਨਾਲ ਸੰਪਰਕ ਕਰੋ, ਜਾਂ www.ed.gov/ocr ਵੈੱਬਸਾਈਟ ਦਾ ਦੌਰਾ ਕਰੋ।
- ਵਾਸ਼ਿੰਗਟਨ ਸਟੇਟ ਹਿਊਮੈਨ ਰਾਈਟਸ ਕਮਿਸ਼ਨ ਨਾਲ ਇੱਥੇ ਸੰਪਰਕ ਕਰੋ 1-800-233-3247 (TTY: 1-800-300-7525) 'ਤੇ ਸੰਪਰਕ ਕਰੋ, ਜਾਂ ਵੈੱਬਸਾਈਟ ਦਾ ਦੌਰਾ ਕਰੋ www.hum.wa.gov|

## ਵਿਦਿਆਰਥੀ ਦੇ ਅਧਿਕਾਰ

# ਧਰਮ ਅਤੇ ਧਾਰਮਿਕ ਰੀਤਾਂ

**ਹੋਰ ਸਿੱਖੋ| ਸਵਾਲ ਪੁੱਛੋ| ਮਦਦ ਪ੍ਰਾਪਤ ਕਰੋ|**

**ਸੁਪ੍ਰਿਨਟੈਂਡੈਂਟ ਆਫ਼ ਪਬਲਿਕ ਇੰਸਟ੍ਰੱਕਸ਼ਨ ਦੇ ਦਫ਼ਤਰ ਵਿਖੇ ਈਕੁਈਟੀ ਅਤੇ ਸੀਵਿਲ ਅਧਿਕਾਰ ਦਫ਼ਤਰ**

360-725-6162 | TTY: 360-664-3631 | equity@k12.wa.us | www.k12.wa.us/equity

**ਆਪਣੇ ਜਿਲ੍ਹੇ ਵਿੱਚ ਸੀਵਿਲ ਅਧਿਕਾਰ ਸ਼ਿਕਾਇਤ ਕੋਆਰਡੀਨੇਟਰ ਲਈ, ਦੌਰਾ ਕਰੋ:**

www.k12.wa.us/Equity/ContactList.aspx

ਭੇਦਭਾਵ ਅਤੇ ਪਰੇਸ਼ਾਨੀ, ਜਿਲ੍ਹਾ ਪਾਲਿਸੀ ਅਤੇ ਅਭਿਆਸ ਲਈ ਸੇਧਾਂ, ਅਤੇ ਸੰਬੰਧਿਤ ਸਰੋਤਾਂ ਬਾਰੇ ਹੋਰ ਜਾਣਕਾਰੀ ਲਈ, www.k12.wa.us/Equity|

ਇਹ ਦਸਤਾਵੇਜ਼ ਰਾਜ ਅਤੇ ਫੈਡਰਲ ਸੀਵਿਲ ਅਧਿਕਾਰ ਕਾਨੂੰਨ ਦੇ ਤਹਿਤ ਅਧਿਕਾਰ ਅਤੇ ਜ਼ਿੰਮੇਵਾਰੀਆਂ ਦੀ ਰੂਪਰੇਖਾ ਤਿਆਰ ਕਰਦਾ ਹੈ| ਹੋਰ ਕਾਨੂੰਨਾਂ ਦੇ ਤਹਿਤ ਤੁਹਾਡੇ ਕੋਲ ਹੋਰ ਅਧਿਕਾਰ ਹਨ| ਇਹ ਜਾਣਕਾਰੀ ਕੇਵਲ ਸੂਚਨਾਤਮਕ ਉਦੇਸ਼ ਲਈ ਹੈ – ਨਾ ਕਿ ਕਾਨੂੰਨੀ ਸਲਾਹ ਪ੍ਰਦਾਨ ਕਰਨ ਲਈ| ਤੁਹਾਡੇ ਵਿਅਕਤੀਗਤ ਹਾਲਾਤ ਦੇ ਤੱਥਾਂ ਅਤੇ ਪਰਿਸਥਿਤੀਆਂ ਲਈ ਨਿਰਧਾਰਿਤ ਕਾਨੂੰਨੀ ਸਲਾਹ ਲਈ, ਕਿਰਪਾ ਕਰਕੇ ਵਕੀਲ ਨਾਲ ਸੰਪਰਕ ਕਰੋ|

*OSPI* ਚਰੂੰਗ, ਨ□ਰ, ਧਯਭ, ਯੂੰਗ, ਯਾਸ਼ਟਯੀ ਭੂਰ, ਉਭਯ, □ਚਤਕਾਯ ਨਾਰ ਚਡ□ ◌ਾਯਜ □◌ਾਫਕਾ ਪ□ਜੀ ਦਾ ਜਾਂ ਚਭਰਟਯੀ ਦਾ ਦਯਜਾ, ਚਰੂੰਗੀ □ਰਗਟਾਅ ਜਾਂ □ਛਾਣ □ਭ□ਤ ਚਜਨ□◌ੀ ਚਦਰ □□◌ੀ, ਚਕ□□ ਵੀ □◌ੂ◌ੰਵ□ਦੀ, ਭਾਨਚ□ਕ ਜਾ □ਯੀਯਕ ਅ□ਭਯਥਤਾ ਦੀ ਭ□ਜੂਦਗੀ, ਜਾਂ ਅ□ਭਯਥਾ ਵਾਰ□ ਚਵਅਕਤੀ ਦੁਆਯਾ ਚ□ਖਰਾਈ □ਰਾ□ਤ ਕੁੱਤਾ ਗਾਈਡ ਜਾਂ □□ਵਾ ਜਾਨਵਯ ਦੀ ਵਯਤੋਂ ਦ□ ਅਧਾਯ 'ਤ□ ਚਕ□□ ਚਵਤਕਯ□ ਦ□ ਚਫਨਾਂ □◌ਾਯ□ □ਰ□ਗਯਾਭਾਂ ਅਤ□ □□ਵਾਵਾਂ ਤਕ ਫਯਾਫਯ □ਸੂ◌ੂ◌ੰ ਭਸੁੱਈਆ ਕਯਦਾ ਸ□। ਕਚਥਤ ਚਵਤਕਯ□ ਫਾਯ□ □ਰਸ਼ਨ ਜਾਂ ਚਸ਼ਕਾਇਤਾਂ ਇਕਵ□ਚਰਟੀ ਐਂਡ ਚ□ਚਵਰ ਯਾਈਟ□ ਡਾਇਯ□ਕਟਯ ਨੂ◌ੂ◌ੰ (360) 725-6162 'ਤ□ ਜਾਂ *P.O. Box* 47200; *Olympia, WA* 98504 ਤ□ ਬ□ਜੀਆਂ ਜਾ □ਕਦੀਆਂ ਸਨ।